Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸਾਨੂੰ ਚਾਹੀਦਾ ਹੈ ਕਿ ਖ਼ਿਲਾਫ਼ਤ ਦੇ ਨਾਲ ਜੁੜੇ ਰਹੀਏ ਅਤੇ ਖ਼ਿਲਾਫ਼ਤ ਦੇ ਨਿਜ਼ਾਮ ਨੂੰ ਕ਼ਾਇਮ ਕਰਨ ਦੇ ਲਈ ਹਰ ਕ਼ੁਰਬਾਨੀ ਦੇ ਲਈ ਤਿਆਰ ਰਹੀਏ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 30 ਮਈ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّاۤ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ اِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ:

وَأَقۡسَمُوۡا بِاللّٰهِ جَهۡدَ أَيۡمَانِهِمۡ لَئِنۡ أَمَرۡتَهُمۡ لَيَخۡرُجُنَّ ۖ قُلۡ لَّا تُقۡسِمُوۡا ۖ طَاعَةٌ مَّعۡرُوۡفَةٌ ۚ إِنَّ اللّٰهَ خَبِيۡرٌۢ بِمَا تَعۡمَلُوۡنَ ۞ قُلۡ أَطِيۡعُوا اللّٰهَ وَأَطِيۡعُوا الرَّسُوۡلَ ۚ فَإِنۡ تَوَلَّوۡا فَإِنَّمَا عَلَيۡهِ مَا حُمِّلَ وَعَلَيۡكُمۡ مَّا حُمِّلۡتُمۡ ۖ وَإِنۡ تُطِيۡعُوۡهُ تَهۡتَدُوۡا ۚ وَمَا عَلَى الرَّسُوۡلِ إِلَّا الۡبَلٰغُ الۡمُبِيۡنُ ۞ وَعَدَ اللّٰهُ الَّذِيۡنَ اٰمَنُوۡا مِنۡكُمۡ وَعَمِلُوا الصّٰلِحٰتِ لَيَسۡتَخۡلِفَنَّهُمۡ فِي الۡأَرۡضِ كَمَا اسۡتَخۡلَفَ الَّذِيۡنَ مِنۡ قَبۡلِهِمۡ ۠ وَلَيُمَكِّنَنَّ لَهُمۡ دِيۡنَهُمُ الَّذِي ارۡتَضٰى لَهُمۡ وَلَيُبَدِّلَنَّهُمۡ مِّنۡۢ بَعۡدِ خَوۡفِهِمۡ أَمۡنًا ۚ يَعۡبُدُوۡنَنِيۡ لَا يُشۡرِكُوۡنَ بِيۡ شَيۡئًا ۚ وَمَنۡ كَفَرَ بَعۡدَ ذٰلِكَ فَأُولٰٓئِكَ هُمُ الۡفٰسِقُوۡنَ ۞ وَأَقِيۡمُوا الصَّلٰوةَ وَاٰتُوا الزَّكٰوةَ وَأَطِيۡعُوا الرَّسُوۡلَ لَعَلَّكُمۡ تُرۡحَمُوۡنَ ۞

ਅੱਲਾਹ ਤਆਲਾ ਦੇ ਫ਼ਜ਼ਲ ਨਾਲ ਜਮਾਅਤ ਅਹਮਦਿੱਯਾ ਵਿੱਚ ਖ਼ਿਲਾਫ਼ਤ ਦਾ ਨਿਜ਼ਾਮ ਕ਼ਾਇਮ ਹੋਏ 117 ਸਾਲ ਲੰਘ ਚੁੱਕੇ ਹਨ। 1908 ਈ: ਵਿੱਚ ਇਹ ਨਿਜ਼ਾਮ ਕ਼ਾਇਮ ਹੋਇਆ ਅਤੇ ਅੱਲਾਹ ਤਆਲਾ ਦੇ ਵਾਅਦਿਆਂ ਅਤੇ ਭਵਿੱਖ ਬਾਣੀਆਂ ਦੇ ਮੁਤਾਬਿਕ਼ ਹੀ ਕ਼ਾਇਮ ਹੋਇਆ। ਬਸ ਇਹ ਅੱਲਾਹ ਤਆਲਾ ਦਾ ਬਹੁਤ ਵੱਡਾ ਅਹਿਸਾਨ ਹੈ ਜਮਾਅਤਿ ਅਹਮਦਿੱਯਾ 'ਤੇ ਕਿ ਅਸੀਂ ਇੱਕ ਅਜਿਹੇ ਨਿਜ਼ਾਮ ਦਾ ਹਿੱਸਾ ਹਾਂ ਜਿਸ ਦੀ ਭਵਿੱਖ ਬਾਣੀ ਅੱਲਾਹ ਤਆਲਾ ਨੇ ਫ਼ਰਮਾਈ ਕਿ ਮਸੀਹ ਅਤੇ ਮਹਦੀ ਦੀ ਆਮਦ ਦੇ ਬਾਅਦ ਇੱਕ ਅਜਿਹਾ ਦੌਰ ਸ਼ੁਰੂ ਹੋਵੇਗਾ ਜਿਹੜਾ ਇਸਲਾਮ ਦੀ ਦੂਸਰੀ ਜ਼ਿੰਦਗੀ ਦਾ ਦੌਰ ਹੈ ਅਤੇ ਫਿਰ ਇਸੇ ਨਿਜ਼ਾਮ ਵਿੱਚ ਖ਼ਿਲਾਫ਼ਤ ਦਾ ਦੌਰ ਵੀ ਸ਼ੁਰੂ ਹੋਵੇਗਾ ਜਿਸ ਦੇ ਬਾਰੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬੜੇ ਸਪਸ਼ਟ ਤੌਰ 'ਤੇ ਭਵਿੱਖ ਬਾਣੀ ਫ਼ਰਮਾਈ ਸੀ ਕਿ ਤੁਹਾਡੇ ਵਿੱਚ ਨਬੂਅਤ ਕ਼ਾਇਮ ਰਹੇਗੀ ਜਦ ਤੱਕ ਅੱਲਾਹ ਚਾਹੇਗਾ ਫਿਰ ਉਹ ਉਸ ਨੂੰ ਚੁੱਕ ਲਵੇਗਾ ਅਤੇ ਖ਼ਿਲਾਫ਼ਤ ਅਲਾ ਮਿਨਹਾਜ ਨਬੁੱਵਤ ਕ਼ਾਇਮ ਹੋਵੇਗੀ, ਫਿਰ ਅੱਲਾਹ ਤਆਲਾ ਜਦ ਚਾਹੇਗਾ ਇਸ ਨਿਮਤ ਨੂੰ ਵੀ ਚੁੱਕ ਲਵੇਗਾ, ਫਿਰ ਉਸ ਦੀ ਤਕ਼ਦੀਰ ਦੇ ਮੁਤਾਬਿਕ਼ ਦੁੱਖ ਦੇਣ ਵਾਲੀ ਬਾਦਸ਼ਾਹਤ ਕ਼ਾਇਮ ਹੋਵੇਗੀ, ਜਦ ਇਹ ਦੌਰ ਖ਼ਤਮ ਹੋਵੇਗਾ ਤਾਂ ਉਸ ਤੋਂ ਵੀ ਵੱਧ ਕੇ ਜਾਬਿਰ ਬਾਦਸ਼ਾਹ ਕ਼ਾਇਮ ਹੋਵੇਗੀ ਜਦ ਤੱਕ ਅੱਲਾਹ ਚਾਹੇਗਾ, ਫਿਰ ਅੱਲਾਹ ਤਆਲਾ ਉਸਨੂੰ ਵੀ ਚੁੱਕ ਲਵੇਗਾ, ਉਸਦੇ ਬਾਅਦ ਫਿਰ ਖ਼ਿਲਾਫ਼ਤ ਅਲਾ ਮਿਨਹਾਜਿ ਨਬੁੱਵਤ ਕ਼ਾਇਮ ਹੋਵੇਗੀ ਅਤੇ ਇਹ ਫ਼ਰਮਾ ਕੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਖ਼ਾਮੋਸ਼ ਹੋ ਗਏ। ਬਸ ਇਹ ਭਵਿੱਖ ਬਾਣੀ ਸੀ ਜਿਸ ਦੇ ਮੁਤਾਬਿਕ਼ ਅੱਲਾਹ ਤਆਲਾ ਦੇ ਫ਼ਜ਼ਲ ਨਾਲ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦੀ ਆਮਦ ਦੇ ਬਾਅਦ ਇੱਕ ਨਵਾਂ ਦੌਰ ਇਸਲਾਮ ਦੀ ਦੂਸਰੀ ਜ਼ਿੰਦਗੀ ਦਾ ਸ਼ੁਰੂ ਹੋਇਆ ਅਤੇ ਆਪ ਅਲੈਹਿੱਸ੍ ਸਲਾਮ ਦੇ ਵਿਸਾਲ ਦੇ ਬਾਅਦ ਖ਼ਿਲਾਫ਼ਤ ਦਾ ਦੌਰ ਵੀ ਸ਼ੁਰੂ ਹੋਇਆ।

ਹਜ਼ੂਰ ਅਨਵਰ ਨੇ ਜਿਹਨਾਂ ਆਇਤਾਂ ਦੀ ਤਿਲਾਵਤ ਕੀਤੀ, ਉਹਨਾਂ ਦਾ ਅਨੁਵਾਦ ਪੇਸ਼ ਕਰਨ ਦੇ ਬਾਅਦ ਫ਼ਰਮਾਇਆ ਕਿ ਇਹਨਾਂ ਆਇਤਾਂ ਨਾਲ ਸਾਫ਼ ਸਪਸ਼ਟ ਹੈ ਕਿ ਅੱਲਾਹ ਤਆਲਾ ਨੇ ਮੁਸਲਮਾਨਾਂ ਨਾਲ ਵਾਅਦਾ ਕੀਤਾ

ਹੈ ਕਿ ਤੁਹਾਡੇ ਵਿੱਚ ਨਿਜ਼ਾਮਿ ਖ਼ਿਲਾਫ਼ਤ ਕ਼ਾਇਮ ਹੋਵੇਗਾ। ਖ਼ੁਲਾਫ਼ਾਇ ਰਾਸ਼ਿਦੀਨ ਦਾ ਜ਼ਮਾਨਾ 30 ਸਾਲ ਤੱਕ ਰਿਹਾ। ਹੁਣ 30 ਸਾਲ ਦੇ ਲਈ ਤਾਂ ਅੱਲਾਹ ਤਆਲਾ ਦਾ ਵਾਅਦਾ ਨਹੀਂ ਸੀ ਬਲਕਿ ਇਹ ਇੱਕ ਮੁਕੰਮਲ ਵਾਅਦਾ ਸੀ ਅਤੇ ਉਸਦੀ ਵਿਆਖਿਆ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਵੀ ਫ਼ਰਮਾ ਦਿੱਤੀ। ਬਸ ਇਸ ਗੱਲ ਨੂੰ ਸਾਨੂੰ ਅਹਮਦੀਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੂੰ ਮੰਨ ਕੇ ਅੱਲਾਹ ਤਆਲਾ ਦੇ ਹੁਕਮਾਂ ਤੇ ਅਮਲ ਕਰਨ ਦਾ ਇੱਕ ਬਚਨ ਕੀਤਾ ਹੈ ਲੇਕਿਨ ਇਸ ਦੇ ਲਈ ਵੀ ਸ਼ਰਤਾਂ ਹਨ। ਅਤੇ ਉਹਨਾਂ ਸ਼ਰਤਾਂ ਨੂੰ ਪੂਰਾ ਕਰਨਾ ਵੀ ਸਾਡੇ ਲਈ ਜ਼ਰੂਰੀ ਹੈ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ: ਸੋ ਪਿਆਰਿਓ! ਜਦ ਕਿ ਕ਼ਦੀਮ ਤੋਂ ਅੱਲਾਹ ਤਆਲਾ ਦੀ ਸੁੰਨਤ ਇਹੀ ਹੈ ਕਿ ਖ਼ੁਦਾ ਤਆਲਾ ਦੋ ਕੁਦਰਤਾਂ ਦਿਖਾਉਂਦਾ ਹੈ ਤਾਂ ਜੋ ਵਿਰੋਧੀਆਂ ਦੀਆਂ ਦੋ ਝੂਠੀਆਂ ਖ਼ੁਸ਼ੀਆਂ ਨੂੰ ਬਰਬਾਦ ਕਰਕੇ ਦਿਖਾਵੇ..... ਮੈਂ ਖ਼ੁਦਾ ਦੇ ਵੱਲੋਂ ਕੁਦਰਤ ਦੇ ਰੰਗ ਵਿੱਚ ਜ਼ਾਹਿਰ ਹੋਇਆ ਅਤੇ ਮੈਂ ਖ਼ੁਦਾ ਦੀ ਇੱਕ ਮੁਜੱਸਮ ਕੁਦਰਤ ਹਾਂ ਤੇ ਮੇਰੇ ਬਾਅਦ ਕੁੱਝ ਹੋਰ ਵਜੂਦ ਹੋਣਗੇ ਜਿਹੜੇ ਦੂਸਰੀ ਕੁਦਰਤ ਦਾ ਮਜ਼ਹਰ ਹੋਣਗੇ। ਸੋ ਤੁਸੀਂ ਖ਼ੁਦਾ ਦੀ ਕੁਦਰਤਿ ਸਾਨੀਆ ਦੀ ਉਡੀਕ ਵਿੱਚ ਹਰ ਮੁਲਕ ਵਿੱਚ ਇੱਕੱਠੇ ਹੋ ਕੇ ਦੁਆਵਾਂ ਵਿੱਚ ਲੱਗੇ ਰਹੋ ਤਾਂ ਜੋ ਦੂਸਰੀ ਕੁਦਰਤ ਆਸਮਾਨ ਤੋਂ ਨਾਜ਼ਿਲ ਹੋਵੇ। ਉਸ ਵੇਲੇ ਜਦ ਆਪ ਅਲੈਹਿੱਸ੍ ਸਲਾਮ ਨੇ ਇਰਸ਼ਾਦ ਫ਼ਰਮਾਇਆ ਸੀ ਹਿੰਦੁਸਤਾਨ ਵਿੱਚ ਜਮਾਅਤ ਸੀ ਅਤੇ ਕੁੱਝ ਇੱਕ ਲੋਕ ਬਾਹਰ ਹੋਣਗੇ ਪਰ ਇਹ ਭਵਿੱਖ ਬਾਣੀ ਵੀ ਆਪ ਅਲੈਹਿੱਸ੍ ਸਲਾਮ ਨੇ ਇੱਕ ਰੰਗ ਵਿੱਚ ਫ਼ਰਮਾ ਦਿੱਤੀ ਕਿ ਹਰ ਮੁਲਕ ਵਿੱਚ ਇਹ ਦੁਆ ਕਰਦੇ ਰਹੋ ਗੋਇਆ ਕਿ ਆਇੰਦਾ ਜ਼ਮਾਨਾ ਅਜਿਹਾ ਆਵੇਗਾ ਕਿ ਜਦ ਦੁਨਿ ਵਿੱਚ ਹਰ ਜਗ੍ਹਾ ਜਮਾਅਤ ਅਹਮਦਿੱਯਾ ਫੈਲ ਜਾਵੇਗੀ ਅਤੇ ਅੱਜ ਉਹ ਜ਼ਮਾਨਾ ਅਸੀਂ ਦੇਖ ਰਹੇ ਹਾਂ ਕਿ ਦੁਨਿਆ ਵਿੱਚ ਜਮਾਅਤਿ ਅਹਮਦਿੱਯਾ ਫੈਲੀ ਹੋਈ ਹੈ ਅਤੇ ਹਰ ਜਗ੍ਹਾ ਖ਼ਿਲਾਫ਼ਤ ਨਾਲ਼ ਵਫ਼ਾ ਅਤੇ ਪਿਆਰ ਅਤੇ ਮੁਹੱਬਤ ਦਾ ਤਅੱਲੁਕ਼ ਸਾਨੂੰ ਨਜ਼ਰ ਆਉਂਦਾ ਹੈ ਅਤੇ ਆਇੰਦਾ ਹਮੇਸ਼ਾ ਇਸ ਦੇ ਮੁਤਾਬਿਕ਼ ਅੱਲਾਹ ਤਆਲਾ ਆਪਣੇ ਫ਼ਜ਼ਲਾਂ ਨਾਲ਼ ਸਾਨੂੰ ਨਵਾਜ਼ਦਾ ਚਲਾ ਜਾਵੇਗਾ ਕਿਉਂਕਿ ਇਹ ਅੱਲਾਹ ਤਆਲਾ ਦਾ ਵਾਅਦਾ ਹੈ। ਬਸ ਸਾਨੂੰ ਚਾਹੀਦਾ ਹੈ ਕਿ ਖ਼ਿਲਾਫ਼ਤ ਦੇ ਨਾਲ਼ ਜੁੜੇ ਰਹੀਏ ਅਤੇ ਖ਼ਿਲਾਫ਼ਤ ਦੇ ਨਿਜ਼ਾਮ ਦੇ ਕ਼ਾਇਮ ਕਰਨ ਦੇ ਲਈ ਹਰ ਕੁਰਬਾਨੀ ਦੇ ਲਈ ਤਿਆਰ ਰਹੀਏ।

ਕੁੱਝ ਲੋਕਾਂ ਦਾ ਖ਼ਿਆਲ ਹੈ ਕਿ ਸ਼ਾਇਦ ਖ਼ਿਲਾਫ਼ਤ ਬਾਦਸ਼ਾਹਤ ਵਿੱਚ ਬਦਲ ਜਾਵੇਗੀ। ਜਮਾਅਤ ਅਹਮਦਿੱਯਾ ਵਿੱਚ ਵੀ ਇਸ ਤੇ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਬੜੀ ਸਖ਼ਤੀ ਨਾਲ਼ ਇਸ ਦਾ ਰੱਦ ਫ਼ਰਮਾਇਆ। ਅਤੇ ਆਪ ਰਜ਼ਿ ਅੱਲਾਹੁ ਅਨਹੁ ਨੇ ਫ਼ਰਮਾਇਆ ਕਿ ਬਾਦਸ਼ਾਹ ਜਮਾਅਤ ਅਹਮਦਿੱਯਾ ਵਿੱਚ ਨਹੀਂ ਆਵੇਗੀ ਜਦ ਤੱਕ ਰੂਹਾਨੀਅਤ ਅਤੇ ਤਕ਼ਵਾ ਕ਼ਾਇਮ ਹੈ। ਇੰਨਸ਼ਾ ਅੱਲਾਹੁ ਤਆਲਾ। ਨਿਜ਼ਾਮਿ ਖ਼ਿਲਾਫ਼ਤ ਜੋ ਹੈ ਅੱਲਾਹ ਤਆਲਾ ਦੇ ਫ਼ਜ਼ਲ ਨਾਲ਼ ਉਹ ਨਿਜ਼ਾਮ ਹੈ ਜਿਹੜਾ ਅੱਲਾਹ ਤਆਲਾ ਦੀ ਮਨਸ਼ਾ ਦੇ ਮੁਤਾਬਿਕ਼ ਕ਼ਾਇਮ ਹੋਇਆ ਅਤੇ ਉਸਦੇ ਮੁਤਾਬਿਕ਼ ਚੱਲਦਾ ਰਹੇਗਾ ਨਾ ਕਿ ਕਿਸੇ ਕ਼ਿਸਮ ਦੀ ਦੁਨਿਆਵੀ ਬਾਦਸ਼ਾਹਤ ਇਸ ਵਿੱਚ ਆਵੇਗੀ। ਖ਼ਲੀਫ਼ਇ ਵਕ਼ਤ ਤਾਂ ਆਪਣੀਆਂ ਨਮਾਜ਼ਾਂ ਵਿੱਚ ਰਾਤਾਂ ਨੂੰ ਉੱਠ ਕੇ ਜਮਾਅਤ ਦੇ ਲੋਕਾਂ ਲਈ ਦੁਆ ਕਰਦਾ ਹੈ, ਕੀ ਕੋਈ ਬਾਦਸ਼ਾਹ ਅਜਿਹਾ ਹੈ ਜਿਹੜਾ ਇਹ ਕੰਮ ਕਰਦਾ ਹੋਵੇ? ਬਸ ਇਸ ਗੱਲ ਨੂੰ ਅਸੀਂ ਜੇਕਰ ਯਾਦ ਰੱਖੀਏ ਅਤੇ ਉਸਦੇ ਮੁਤਾਬਿਕ਼ ਅਮਲ ਵੀ ਕਰੀਏ ਤਾਂ ਫਿਰ ਹੀ ਅਸੀਂ ਕਾਮਯਾਬ ਹੋ ਸਕਦੇ ਹਾਂ। ਖ਼ਿਲਾਫ਼ਤ ਦਾ ਇਹ ਅਜਿਹਾ ਨਿਜ਼ਾਮ ਹੈ ਕਿ ਅੱਲਾਹ ਤਆਲਾ ਆਪ ਦਿਲਾਂ ਨੂੰ ਫੇਰਦਾ ਹੈ। ਇਹੀ ਤਾਈਦਿ ਇਲਾਹੀ ਹੈ ਅਤੇ ਹਮੇਸ਼ਾ ਹਰ ਖ਼ਿਲਾਫ਼ਤ ਦੇ ਜ਼ਮਾਨੇ ਵਿੱਚ ਅਸੀਂ ਇਹ ਦੇਖਿਆ ਹੈ। ਹੁਣ ਦੁਨੀਆਂ ਵਿੱਚ ਅੱਜ ਤੁਸੀਂ ਦੇਖ ਲਵੋ ਕਿ ਜਮਾਅਤ ਅਹਮਦਿੱਯਾ ਹੀ ਹੈ ਜਿਹੜੀ ਇੱਕ ਨਿਜ਼ਾਮ ਵਿੱਚ ਪਰੋਈ ਹੋਈ ਹੈ ਅਤੇ ਅੱਲਾਹ ਤਆਲਾ ਦੇ ਫ਼ਜ਼ਲ ਨਾਲ਼ ਜਮਾਅਤ ਨਾਲ਼ ਵਾਬਸਤਾ, ਖ਼ਿਲਾਫ਼ਤ ਨਾਲ਼ ਵਾਬਸਤਾ ਰਹਿਣ ਦੀ ਵਜ੍ਹਾ ਨਾਲ਼ ਉਹਨਾਂ ਤੇ ਅੱਲਾਹ ਤਆਲਾ ਦੇ ਬਹੁਤ ਫ਼ਜ਼ਲ ਹਨ। ਇਹ ਠੀਕ ਹੈ ਕਿ ਦੁਸ਼ਮਣਾਂ ਵੱਲੋਂ ਜਮਾਅਤ ਅਹਮਦਿੱਯਾ 'ਤੇ ਬੇਸ਼ੁਮਾਰ ਜ਼ੁਲਮਾਂ ਦੀ ਭਰਮਾਰ ਕੀਤੀ ਜਾ ਰਹੀ ਹੈ, ਖ਼ਾਸ ਤੌਰ 'ਤੇ ਪਾਕਿਸਤਾਨ ਵਿੱਚ ਅਤੇ ਕੁੱਝ ਹੋਰ ਮੁਲਕਾਂ ਵਿੱਚ, ਪਰ ਅੱਲਾਹ ਤਆਲਾ ਦੇ ਫ਼ਜ਼ਲ ਨਾਲ਼ ਸਭ ਆਪਣੇ ਇਮਾਨ 'ਤੇ ਕ਼ਾਇਮ ਹਨ ਅਤੇ ਇਸਦੇ ਬਾਵਜੂਦ ਇਸ ਗੱਲ 'ਤੇ ਕ਼ਾਇਮ

ਹਨ ਕਿ ਇਹ ਤਕਲੀਫ਼ਾਂ ਸਾਨੂੰ ਸਾਡੇ ਦੀਨ ਤੋਂ ਨਹੀਂ ਹਟਾ ਸਕਦੀਆਂ ਅਤੇ ਇਸਦੇ ਬਦਲੇ ਵਿੱਚ ਅੱਲਾਹ ਤਆਲਾ ਸਾਡੇ 'ਤੇ ਅਤੇ ਸਾਡੀਆਂ ਨਸਲਾਂ ਤੇ ਜਿਹੜੇ ਇਨਾਮਾਂ ਦੀ ਬਾਰਿਸ਼ ਕਰ ਰਿਹਾ ਹੈ ਉਸ ਦਾ ਕੋਈ ਮੁਕ਼ਾਬਲਾ ਹੀ ਨਹੀਂ ਹੈ।

ਬਸ ਜੇਕਰ ਅਸੀਂ ਹਕ਼ੀਕ਼ੀ ਫ਼ੈਜ਼ ਪਾਉਣਾ ਹੈ ਖ਼ਿਲਾਫ਼ਤ ਦੇ ਫ਼ੈਜ਼ ਤੋਂ ਅਤੇ ਹਕ਼ੀਕ਼ੀ ਤੌਰ 'ਤੇ ਅੱਲਾਹ ਤਆਲਾ ਦੇ ਫ਼ਜ਼ਲਾਂ ਦਾ ਵਾਰਿਸ ਬਣਨਾ ਹੈ ਤਾਂ ਫਿਰ ਸਾਨੂੰ ਹਰ ਤਰ੍ਹਾਂ ਦੇ ਸ਼ਿਰਕ ਤੋਂ, ਆਪਣੀ ਹਉਮੈ ਤੋਂ ਅਤੇ ਹੰਕਾਰ ਤੋਂ ਆਪਣੇ ਆਪ ਨੂੰ ਨਿਜਾਤ ਦਵਾਉਣੀ ਹੋਵੇਗੀ ਅਤੇ ਇਸ ਤੋਂ ਆਪਣੇ ਆਪ ਨੂੰ ਪਾਕ ਕਰਨਾ ਹੋਵੇਗਾ। ਫਿਰ ਅੱਲਾਹ ਤਆਲਾ ਨੇ ਇਹ ਫ਼ਰਮਾਇਆ ਹੈ ਕਿ ਇਹ ਲੋਕ ਅਜਿਹੇ ਹਨ ਜਿਹੜੇ ਨਮਾਜ਼ ਦਾ ਕ਼ਿਆਮ ਕਰਨ ਵਾਲੇ ਹਨ, ਅਤੇ ਜ਼ਕਾਤ ਦੀ ਅਦਾਇਗੀ ਕਰਨ ਵਾਲੇ ਹਨ। ਹਰ ਅਹਿਮਦੀ ਨੂੰ ਅੱਲਾਹ ਤਆਲਾ ਦੇ ਇਸ ਹੁਕਮ ਨੂੰ ਯਾਦ ਰੱਖਣਾ ਚਾਹੀਦਾ ਹੈ। ਹਰ ਅਹਿਮਦੀ ਨੂੰ ਜਿਹੜਾ ਆਪਣੇ ਆਪ ਨੂੰ ਖ਼ਿਲਾਫ਼ਤ ਨਾਲ ਜੁੜਿਆ ਹੋਇਆ ਸਮਝਦਾ ਹੈ ਅਤੇ ਜੁੜਨਾ ਚਾਹੁੰਦਾ ਹੈ ਅਤੇ ਉਸ ਤੋਂ ਫ਼ੈਜ਼ ਪਾਉਣਾ ਚਾਹੁੰਦਾ ਹੈ ਉਸਨੂੰ ਇਹ ਗੱਲ ਸਾਹਮਣੇ ਰੱਖਣੀ ਹੋਵੇਗੀ ਕਿ ਅਸੀਂ ਨਮਾਜ਼ਾਂ ਦੇ ਕ਼ਿਆਮ ਵੱਲ ਵੀ ਭਰਪੂਰ ਤਵੱਜੋ ਦੇਣੀ ਹੈ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਨਮਾਜ਼ਾਂ ਦੇ ਕ਼ਿਆਮ ਦੀ ਵਿਆਖਿਆ ਕਰਦੇ ਹੋਏ ਇੱਕ ਜਗ੍ਹਾ ਬੜੇ ਚੰਗੇ ਰੰਗ ਵਿੱਚ ਇਹ ਫ਼ਰਮਾਇਆ ਕਿ ਨਮਾਜ਼ ਦਾ ਬਿਹਤਰੀਨ ਹਿੱਸਾ ਜੁਮਆ ਹੈ ਜਿਸ ਵਿੱਚ ਇਮਾਮ ਖ਼ੁਤਬਾ ਪੜ੍ਹਦਾ ਹੈ ਅਤੇ ਨਸੀਹਤਾਂ ਕਰਦਾ ਹੈ ਜਿਸ ਨਾਲ ਕ਼ੌਮੀ ਏਕਾ ਅਤੇ ਯਕਜਹਤੀ ਪੈਦਾ ਹੁੰਦੀ ਹੈ। ਸਭ ਦਾ ਕ਼ਿਬਲਾ ਇੱਕ ਪਾਸੇ ਰੱਖਦਾ ਹੈ। ਅੱਜ ਕੱਲ ਮੈਂ ਇਸਲਾਮੀ ਤਾਰੀਖ਼ 'ਤੇ ਗੱਲਾਂ ਕਰ ਰਿਹਾ ਹਾਂ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਸੀਰਤ ਦੇ ਬਾਰੇ ਗੱਲਾਂ ਕਰ ਰਿਹਾ ਹਾਂ, ਇਸ ਵਿੱਚ ਵੀ ਕਈ ਗੱਲਾਂ ਅਜਿਹੀਆਂ ਆ ਜਾਂਦੀਆਂ ਹਨ ਜਿਹੜੀਆਂ ਸਾਡੇ ਲਈ ਨਸੀਹਤਾਂ ਹਨ ਅਤੇ ਲੋਕ ਉਸ ਤੋਂ ਬੜਾ ਫ਼ਾਇਦਾ ਉਠਾ ਰਹੇ ਹਨ। ਇਲਾਵਾ ਇਸ ਦੇ ਇਸ ਨਾਲ ਉਹਨਾਂ ਨੂੰ ਤਾਰੀਖ਼ਿ ਇਸਲਾਮ ਦਾ ਵੀ ਪਤਾ ਲੱਗ ਰਿਹਾ ਹੈ। ਬਸ ਇਹ ਖ਼ਿਲਾਫ਼ਤ ਹੀ ਉਹ ਮਾਧਿਅਮ ਹੈ ਜਿਹੜਾ ਅੱਲਾਹ ਤਆਲਾ ਨੇ ਸਾਡੇ ਵਿੱਚ ਪੈਦਾ ਕੀਤਾ ਹੋਇਆ ਹੈ ਜਿਸ ਦੇ ਦੁਆਰਾ ਇੱਕ ਇਕਾਈ ਜਮਾਅਤ ਅਹਮਦਿੱਯਾ ਵਿੱਚ ਪੈਦਾ ਹੋ ਗਈ ਹੈ ਅਤੇ ਦੁਨੀਆ ਦੇ 215 ਮੁਲਕਾਂ ਵਿੱਚ ਰਹਿਣ ਵਾਲਾ ਹਰ ਅਹਿਮਦੀ ਇੱਕ ਇਕਾਈ ਬਣ ਕੇ ਇਸ ਨਿਜ਼ਾਮ ਨਾਲ ਜੁੜਿਆ ਹੋਇਆ ਹੈ ਅਤੇ ਆਪਣਾ ਸੁਧਾਰ ਕਰਨ ਦੀ ਕੋਸ਼ਿਸ਼ ਕਰਦਾ ਹੈ। ਅੱਲਾਹ ਤਆਲਾ ਨੇ ਜ਼ਕਾਤ ਦੀ ਅਦਾਇਗੀ ਦਾ ਹੁਕਮ ਵੀ ਦਿੱਤਾ ਹੈ ਅਤੇ ਇਹ ਵੀ ਆਪਣੇ ਮਾਲਾਂ ਨੂੰ ਪਾਕ ਕਰਨ ਲਈ ਜ਼ਰੂਰੀ ਹੈ, ਇਸ ਵਿੱਚ ਬਾਕ਼ੀ ਮਾਲੀ ਕ਼ੁਰਬਾਨੀਆਂ ਵੀ ਸ਼ਾਮਿਲ ਹਨ। ਅੱਜ ਅਸੀਂ ਦੇਖਦੇ ਹਾਂ ਕਿ ਜਮਾਅਤ ਅਹਮਦਿੱਯਾ ਦੇ ਦੁਆਰਾ ਹੀ ਇਹ ਮਾਲੀ ਨਿਜ਼ਾਮ ਜਾਰੀ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ, ਕੁੱਝ ਅਜਿਹੇ ਹਾਲਾਤ ਹਨ ਜਿਸ ਦੀ ਵਜ੍ਹਾ ਨਾਲ ਕਈ ਜਗ੍ਹਾ 'ਤੇ ਕੁੱਝ ਸਖ਼ਤੀਆਂ ਵੀ ਆ ਰਹੀਆਂ ਹਨ ਲੇਕਿਨ ਜਿਹੜੇ ਅਹਿਮਦੀ ਹਨ ਉਹ ਇਹਨਾਂ ਤਮਾਮ ਮੁਸੀਬਤਾਂ ਨੂੰ ਦੇਖਣ ਦੇ ਬਾਵਜੂਦ ਇਸ ਗੱਲ 'ਤੇ ਅੱਲਾਹ ਤਆਲਾ ਦਾ ਸ਼ੁਕਰ ਕਰਦੇ ਹਨ ਕਿ ਸਾਡੇ ਅੰਦਰ ਨਿਜ਼ਾਮਿ ਖ਼ਿਲਾਫ਼ਤ ਕ਼ਾਇਮ ਹੈ ਜਿਹੜਾ ਸਾਨੂੰ ਤਸੱਲੀ ਵੀ ਦਿੰਦਾ ਹੈ ਅਤੇ ਸਾਡੀ ਜ਼ਰੂਰਤਾਂ ਨੂੰ ਵੀ ਪੂਰੀ ਕਰਨ ਦੀ ਕੋਸ਼ਿਸ਼ ਕਰਦਾ ਹੈ। ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਫ਼ਰਮਾਇਆ ਸੀ ਕਿ ਦੁਨਿਆ ਵਿੱਚ ਕਈ ਹਾਦਸੇ ਜ਼ਾਹਿਰ ਹੋਣਗੇ। ਕੁੱਝ ਤਾਂ ਕ਼ੁਦਰਤੀ ਆਫਤਾਂ ਦੇ ਹਾਦਸੇ ਹਨ ਕੁੱਝ ਇਨਸਾਨਾਂ ਦੀਆਂ ਆਪਣੀਆਂ ਗ਼ਲਤੀਆਂ ਨਾਲ, ਜਿਸ ਦੀ ਵਜ੍ਹਾ ਨਾਲ ਜੰਗਾਂ ਹੋ ਰਹੀਆਂ ਹਨ ਅਤੇ ਫ਼ਸਾਦ ਪੈਦਾ ਹੋ ਰਹੇ ਹਨ। ਜੇਕਰ ਇਹਨਾਂ ਲੋਕਾਂ ਨੇ ਹੁਣ ਵੀ ਅੱਲਾਹ ਤਆਲਾ ਦੇ ਵੱਲ ਤਵੱਜੋ ਨਾ ਕੀਤੀ ਤਾਂ ਫਿਰ ਇੱਕ ਤਬਾਹੀ ਦੁਨਿਆ 'ਤੇ ਆਉਣ ਵਾਲੀ ਹੈ ਜਿਸ ਦੀ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਕਈ ਵਾਰ ਭਵਿੱਖ ਬਾਣੀ ਫ਼ਰਮਾਈ ਹੈ। ਬਸ ਨਿਜ਼ਾਮਿ ਖ਼ਿਲਾਫ਼ਤ ਨਾਲ ਜੁੜਨ ਵਾਲਿਆਂ ਦਾ ਫ਼ਰਜ਼ ਹੈ ਕਿ ਉਹ ਇਸ ਵੱਲ ਤਵੱਜੋ ਦੇਣ ਕਿ ਅਸੀਂ ਦੁਨਿਆ ਨੂੰ ਵੀ ਇਸ ਤਬਾਹੀ ਤੋਂ ਬਚਾਉਣਾ ਹੈ ਅਤੇ ਫਿਰ ਇਸ ਦੇ ਲਈ ਦੁਨਿਆ ਨੂੰ ਅੱਲਾਹ ਤਆਲਾ ਦੇ ਵੱਲ ਲਿਆਉਣ ਦੀ ਪੂਰੀ ਕੋਸ਼ਿਸ਼ ਕਰਨੀ ਹੈ ਅਤੇ ਪੈਗ਼ਾਮ ਨੂੰ ਪਹਿਚਾਣ ਦੇ ਲਈ ਆਪਣੇ ਜਿੱਥੋਂ ਤੱਕ ਮਾਧਿਅਮ ਅਤੇ ਸਲਾਹੀਅਤਾਂ ਨੂੰ ਕੰਮ ਵਿੱਚ ਲਿਆਓਗੇ ਅਤੇ ਉਸਦੇ ਲਈ ਜਾਨ, ਮਾਲ, ਸਮਾਂ ਕ਼ੁਰਬਾਨ ਕਰਨ ਦੇ ਲਈ ਹਰ ਵੇਲੇ ਤਿਆਰ ਰਹੋਗੇ ਅਤੇ ਇਸੇ ਤਰਾਂ ਆਪ ਵੀ ਆਪਣਾ ਤਅੱਲੁਕ਼ ਅੱਲਾਹ ਤਆਲਾ ਨਾਲ ਵਧਾਓ ਤਾਂ ਜੋ ਅੱਲਾਹ ਤਆਲਾ ਦੇ

ਖ਼ਾਸ ਫ਼ਜ਼ਲ ਹਰ ਅਹਿਮਦੀ ਤੇ ਹੋਣ ਅਤੇ ਆਪਣੀਆਂ ਨਸਲਾਂ ਨੂੰ ਅਤੇ ਆਪਣੇ ਆਪ ਨੂੰ ਵੀ ਆਫ਼ਤਾਂ ਤੋਂ ਬਚਾਉਣ ਵਾਲ਼ਾ ਹੋਵੇ। ਕਿਉਂਕਿ ਇਹ ਆਫ਼ਤਾਂ ਅਤੇ ਤਬਾਹੀਆਂ ਜਿਹੜੀਆਂ ਹਨ ਇਹ ਇੰਨੀਆਂ ਗੰਭੀਰ ਸ਼ਕਲ ਇਖ਼ਤਿਆਰ ਕਰਦੀਆਂ ਚਲੀਆਂ ਜਾ ਰਹੀਆਂ ਹਨ ਅਤੇ ਆਇੰਦਾ ਪਤਾ ਨਹੀਂ ਕੀ ਸ਼ਕਲ ਇਖ਼ਤਿਆਰ ਕਰਨਗੀਆਂ, ਜਿਸ ਦਾ ਇਨਸਾਨ ਤਸੱਵੁਰ ਵੀ ਨਹੀਂ ਕਰ ਸਕਦਾ। ਬਸ ਹਮੇਸ਼ਾ ਯਾਦ ਰੱਖੋ ਕਿ ਖ਼ਿਲਾਫ਼ਤਿ ਅਹਮਦੀਂਯਾ ਦੇ ਨਾਲ਼ ਜੁੜਨ ਨਾਲ਼ ਹੀ ਹੁਣ ਦੁਨਿਆ ਦੀ ਜ਼ਿੰਦਗੀ ਹੈ।

ਹਜ਼ੂਰ ਅਨਵਰ ਨੇ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਦਾ ਇੱਕ ਪੈਰਾ ਪੇਸ਼ ਕਰਦੇ ਹੋਏ ਫ਼ਰਮਾਇਆ ਕਿ ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਨੇ ਫ਼ਰਮਾਇਆ ਸੀ ਕਿ ਅੱਲਾਹ ਤਆਲਾ ਨੇ ਮੇਰੇ ਨਾਲ਼ ਵਾਅਦਾ ਕੀਤਾ ਹੈ ਕਿ ਦੁਨਿਆ ਦਾ ਖ਼ਾਤਮਾ ਨਹੀਂ ਹੋਵੇਗਾ ਜਦ ਤੱਕ ਅੱਲਾਹ ਤਆਲਾ ਮੇਰੇ ਸਭ ਵਾਅਦਿਆਂ ਨੂੰ ਪੂਰਾ ਨਾ ਕਰ ਦੇਵੇ, ਕੁੱਝ ਮੇਰੀ ਜ਼ਿੰਦਗੀ ਵਿੱਚ ਅਤੇ ਕੁੱਝ ਮੇਰੇ ਬਾਅਦ। ਬਸ ਸਾਡੇ ਵਿੱਚੋਂ ਹਰੇਕ ਦਾ ਕੰਮ ਹੈ ਕਿ ਖ਼ੁਦਾ ਦੀ ਅਜ਼ਮਤ ਦਿਲਾਂ ਵਿੱਚ ਬਿਠਾਉਣ ਵਾਲ਼ੇ ਬਣੀਏ ਅਤੇ ਅਮਲੀ ਤੌਰ 'ਤੇ ਖ਼ੁਦਾ ਤਆਲਾ ਦੀ ਤੌਹੀਦ ਦਾ ਇਜ਼ਹਾਰ ਕਰਨ ਵਾਲ਼ੇ, ਕਾਮਿਲ ਆਗਿਆਕਾਰੀ ਦਾ ਨਮੂਨਾ ਦਿਖਾਉਣ ਵਾਲ਼ੇ ਅਤੇ ਇਮਾਨ ਵਿੱਚ ਤਰੱਕੀ ਕਰਦੇ ਚਲੇ ਜਾਣ ਵਾਲ਼ੇ ਹੋਈਏ। ਅੱਲਾਹ ਤਆਲਾ ਸਾਨੂੰ ਇਸ ਦੀ ਤੌਫ਼ੀਕ਼ ਅਤਾ ਫ਼ਰਮਾਏ ਕਿ ਸਾਡੇ ਵਿੱਚੋਂ ਹਰ ਸ਼ਖ਼ਸ ਖ਼ਿਲਾਫ਼ਤਿ ਅਹਮਦੀਂਯਾ ਦੇ ਕ਼ਾਇਮ ਰੱਖਣ ਦੇ ਲਈ ਹਰ ਕ਼ੁਰਬਾਨੀ ਕਰਨ ਦੇ ਲਈ ਤਿਆਰ ਰਹੀਏ ਅਤੇ ਅਸੀਂ ਜਿਹੜਾ ਬਚਨ ਕਰਦੇ ਹਾਂ ਉਸਨੂੰ ਪੂਰਾ ਕਰਨ ਵਾਲ਼ੇ ਹੋਈਏ ਤੇ ਅੱਲਾਹ ਤਆਲਾ ਸਾਡੀ ਜ਼ਿੰਦਗੀ ਵਿੱਚ ਅਜਿਹਾ ਜ਼ਮਾਨਾ ਲੈ ਕੇ ਆਵੇ ਕਿ ਜਦ ਅਸੀਂ ਦੇਖੀਏ ਕਿ ਦੁਨਿਆ ਵਿੱਚ ਅੱਲਾਹ ਤਆਲਾ ਦੀ ਵਹਦਾਨਿੱਯਤ ਦਾ ਝੰਡਾ ਹਰ ਜਗ੍ਹਾ ਲਹਿਰਾ ਰਿਹਾ ਹੈ ਅਤੇ ਲੋਕ ਗਿਰੋਹ ਦਰ ਗਿਰੋਹ ਆ ਰਹੇ ਹਨ ਅਤੇ ਅੱਲਾਹ ਤਆਲਾ ਦੇ ਕਾਮਿਲ ਫ਼ਰਮਾਂਬਰਦਾਰਾਂ ਵਿੱਚੋਂ ਬਣਨ ਦੀ ਕੋਸ਼ਿਸ਼ ਕਰ ਰਹੇ ਹਨ। ਉਹੀ ਦਿਨ ਹੈ ਜਿਹੜਾ ਸਾਡੇ ਲਈ ਅਜਿਹਾ ਬਾ-ਬਰਕਤ ਦਿਨ ਹੋਵੇਗਾ ਕਿ ਜਦ ਅਸੀਂ ਕਹਾਂਗੇ ਕਿ ਖ਼ਿਲਾਫ਼ਤ ਦਾ ਜੋ ਅੱਲਾਹ ਤਆਲਾ ਨੇ ਵਾਅਦਾ ਕੀਤਾ ਸੀ ਉਸ ਦੀਆਂ ਬਰਕਤਾਂ ਤੋਂ ਅੱਜ ਅਸੀਂ ਫ਼ਾਇਦਾ ਉਠਾ ਰਹੇ ਹਾਂ। ਅਤੇ ਇਹੀ ਦਿਨ ਹਨ ਜਿਹੜੇ ਦੁਨਿਆ ਨੂੰ ਤਬਾਹੀ ਤੋਂ ਬਚਾਉਣ ਵਾਲ਼ੇ ਦਿਨ ਹੋਣਗੇ। ਅੱਲਾਹ ਤਆਲਾ ਸਾਨੂੰ ਆਪਣਾ ਸੁਧਾਰ ਕਰਨ ਦੀ ਵੀ ਤੌਫ਼ੀਕ਼ ਅਤਾ ਫ਼ਰਮਾਵੇ ਅਤੇ ਅੱਲਾਹ ਤਆਲਾ ਦੇ ਪੈਗ਼ਾਮ ਨੂੰ ਦੁਨਿਆ ਵਿੱਚ ਪਹੁੰਚਾਉਣ ਦੀ ਵੀ ਤੌਫ਼ੀਕ਼ ਅਤਾ ਫ਼ਰਮਾਵੇ।

ਹਜ਼ੂਰ ਅਨਵਰ ਨੇ ਆਖ਼ਿਰ ਤੇ ਮੁਕੱਰਮ ਕਰਨਲ ਡਾਕਟਰ ਪੀਰ ਮੁਹੰਮਦ ਮੁਨੀਰ ਸਾਹਿਬ ਸਾਬਿਕ਼ ਐਡਮਿਨਸਟ੍ਰੇਟਰ ਫ਼ਜ਼ਲਿ ਉਮਰ ਹਸਪਤਾਲ ਰਬਵਾ ਅਤੇ ਮੁਕੱਰਮਾ ਸਲੀਮਾ ਜ਼ਾਹਿਦ ਸਾਹਿਬਾ ਐਹਲਿਆ ਮੁਕੱਰਮ ਸਮੀਉੱਲਾਹ ਜ਼ਾਹਿਦ ਸਾਹਿਬ ਮੁਰੱਬੀ ਸਿਲਸਿਲਾ ਹਾਲ ਕੈਨੇਡਾ ਦੀ ਨਮਾਜ਼ਿ ਜਨਾਜ਼ਾ ਪੜ੍ਹਾਉਣ ਦਾ ਐਲਾਨ ਫ਼ਰਮਾਇਆ ਅਤੇ ਮਰਹੂਮਾਂ ਦੇ ਦਰਜਿਆਂ ਦੀ ਬੁਲੰਦੀ ਲਈ ਦੁਆ ਕੀਤੀ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِىَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْىِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞